# ਕਹਾਣੀ ਕੀ ਹੈ?

(ਪ੍ਰਤਿਨਿਧੀ ਨੌਜਵਾਨਾਂ ਦੇ ਸੀਰਮ ਦੀ ਜਾਂਚ)

ਇਹ ਜਾਣਕਾਰੀ ਹੇਠ ਦਿੱਤੀਆਂ ਭਾਸ਼ਾਵਾਂ ਵਿੱਚ www.whatsthestory.org.uk 'ਤੇ ਉਪਲਬਧ ਹੈ:

ਪੰਜਾਬੀ (Punjabi)

زبان اردو(Urdu)

Française (French)

Portugues (Portuguese)

Español (Spanish)

नेपाल (Nepalese)

عربى (Arabic)

বাঙালি (Bengali)

Somali

فارسی (Farsi)

ਪਿਆਰੇ ਮਾਪੇ/ਕਾਨੂੰਨੀ ਸਰਪ੍ਰਸਤ,

ਕਹਾਣੀ ਕੀ ਹੈ? ਦੀ ਟੀਮ ਤੁਹਾਡੇ ਬੱਚੇ ਨੂੰ ਇੰਗਲੈਂਡ ਵਿੱਚ ਛੂਤ ਦੀਆਂ ਬਿਮਾਰੀਆਂ ਦੇ ਵਿਰੁੱਧ ਬਚਾਅ ਦੇ ਪੱਧਰ ਨੂੰ ਵੇਖਣ ਲਈ ਰਾਸ਼ਟਰੀ ਅਧਿਐਨ ਵਿੱਚ ਹਿੱਸਾ ਲੈਣ ਲਈ ਸੱਦਾ ਦੇਣਾ ਚਾਹੁੰਦੀ ਹੈ। ਇਹ ਅਧਿਐਨ ਪਬਲਿਕ ਹੈਲਥ ਇੰਗਲੈਂਡ, NHS, ਯੂਨੀਵਰਸਿਟੀ ਆਫ ਆਕਸਫੋਰਡ ਅਤੇ ਸ਼ੈਫੀਲਡ ਬੱਚਿਆਂ ਦੇ ਹਸਪਤਾਲ ਦੇ NHS ਟਰੱਸਟ, ਬ੍ਰੈਡਫੋਰਡ ਟੀਚਿੰਗ ਹਸਪਤਾਲ NHS ਫਾਉਂਡੇਸ਼ਨ ਟਰੱਸਟ, ਲੀਡਸ ਟੀਚਿੰਗ ਹਸਪਤਾਲ NHS ਟਰੱਸਟ, ਯੂਨੀਵਰਸਿਟੀ ਹਸਪਤਾਲ ਬ੍ਰਿਸਟਲ NHS ਫਾਉਂਡੇਸ਼ਨ ਟਰੱਸਟ, ਸਾਊਥੈਂਪਟਨ ਯੂਨੀਵਰਸਿਟੀ NHS ਫਾਉਂਡੇਸ਼ਨ ਟਰੱਸਟ, ਰੌਇਲ ਮੈਨਚੈਸਟਰ ਬੱਚਿਆਂ ਦੇ ਹਸਪਤਾਲ – ਮੈਨਚੈਸਟਰ ਯੂਨੀਵਰਸਿਟੀ NHS ਟਰੱਸਟ, ਸੇਂਟ ਜਾਰਜ ਯੂਨੀਵਰਸਿਟੀ ਹਸਪਤਾਲ NHS ਟਰੱਸਟ, ਯੂਨੀਵਰਸਿਟੀ ਆਫ ਨਾਟਿੰਘਮ ਸਿਹਤ ਸੇਵਾ, ਅਤੇ ਯੂਨੀਵਰਸਿਟੀ ਹਸਪਤਾਲ ਪਲੀਮੇਥ NHS ਟਰੱਸਟ ਵਿਚਕਾਰ ਇੱਕ ਗਠਜੋੜ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਇਹ ਫੈਸਲਾ ਕਰੋ ਕਿ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ, ਤੁਹਾਡੇ ਲਈ ਇਹ ਸਮਝਣਾ ਮਹੱਤਵਪੂਰਣ ਹੈ ਕਿ ਇਸ ਵਿੱਚ ਕੀ ਸ਼ਾਮਲ ਹੈ। ਕਿਰਪਾ ਇਸ ਕਿਤਾਬਚੇ ਵਿੱਚ ਲਿਖੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ। ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੀ ਸਥਾਨਕ ਜਗ੍ਹਾਂ ਦੀ ਅਧਿਐਨ ਟੀਮ ਨੂੰ ਫ਼ੋਨ 'ਤੇ ਕਾਲ ਕਰਕੇ ਜਾਂ ਵੈੱਬਸਾਈਟ 'ਤੇ ਵਿਖਾਏ ਗਏ ਈ-ਮੇਲ ਪਤੇ 'ਤੇ ਈ-ਮੇਲ ਕਰਕੇ ਪੁੱਛੋ।

## ਮੇਰੇ ਬੱਚੇ ਨੂੰ ਇਸ ਅਧਿਐਨ ਵਿੱਚ ਹਿੱਸਾ ਲੈਣ ਲਈ ਸੱਦਾ ਕਿਉਂ ਦਿੱਤਾ ਗਿਆ ਹੈ?

ਅਸੀਂ ਨਵਜੰਮੇ ਅਤੇ 24 ਸਾਲ ਤੱਕ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨ ਬਾਲਗਾਂ ਨੂੰ ਇਸ ਅਧਿਐਨ ਵਿਚ ਹਿੱਸਾ ਲੈਣ ਲਈ ਸੱਦਾ ਦੇ ਰਹੇ ਹਾਂ। ਤੁਹਾਡੇ ਕੋਲ ਇਸ ਲਈ ਪਹੁੰਚ ਕੀਤੀ ਗਈ ਹੈ ਕਿਉਂਕਿ ਤੁਹਾਡਾ ਬੱਚਾ ਅਧਿਐਨ ਲਈ ਉਮਰ ਦੀ

ਸੀਮਾ ਅੰਦਰ ਆਉਂਦਾ ਹੈ ਅਤੇ ਤੁਸੀਂ ਅਧਿਐਨ ਖੇਤਰ ਵਿੱਚ ਰਹਿੰਦੇ ਹੋ। ਜੇ ਤੁਹਾਨੂੰ ਇਹ ਸੱਦਾ ਪੱਤਰ ਡਾਕ ਰਾਹੀਂ ਪ੍ਰਾਪਤ ਹੋਇਆ ਹੈ ਤਾਂ ਜਾਂ ਤਾਂ ਇਹ ਤੁਹਾਨੂੰ ਨੈਸ਼ਨਲ ਹੈਲਥ ਐਪਲੀਕੇਸ਼ਨਜ਼ ਐਂਡ ਇਨਫ੍ਰਾਸਟ੍ਰਕਚਰ ਸਰਵਿਸਿਜ਼ (NHAIS), ਜਿਸ ਕੋਲ ਕੇਂਦਰੀ NHS ਮਰੀਜ਼ ਡੇਟਾਬੇਸ ਹੈ, ਜਾਂ ਚਾਈਲਡ ਹੈਲਥ ਇਨਫਾਰਮੇਸ਼ਨ ਸਰਵਿਸ, ਬਰਾਬਰ ਦੇ NHS ਡਾਟਾਬੇਸ, ਜਾਂ ਤੁਹਾਡੇ GP ਸਰਜਰੀ ਵੱਲੋਂ ਭੇਜਿਆ ਗਿਆ ਹੈ। ਕਿਰਪਾ ਕਰਕੇ ਨੋਟ ਕਰੋ ਕਿ "ਕਹਾਣੀ ਕੀ ਹੈ?" ਦੀ ਟੀਮ ਨੂੰ ਤੁਹਾਡੇ ਬੱਚੇ ਦਾ ਨਾਮ ਅਤੇ ਪਤਾ ਨਹੀਂ ਦਿੱਤਾ ਗਿਆ ਹੈ।

## ਇਹ ਅਧਿਐਨ ਕਿਸ ਬਾਰੇ ਹੈ?

ਇਸ ਅਧਿਐਨ ਦਾ ਉਦੇਸ਼ ਇੰਗਲੈਂਡ ਵਿੱਚ ਛੂਤ ਦੀਆਂ ਬਿਮਾਰੀਆਂ ਦੀ ਕਹਾਣੀ ਨੂੰ ਸਮਝਣ ਵਿੱਚ ਸਹਾਇਤਾ ਕਰਨਾ ਹੈ। ਸਾਡੇ ਸਰੀਰਾਂ ਦੁਆਰਾ ਛੂਤ ਦੀਆਂ ਬਿਮਾਰੀਆਂ ਦੇ ਵਿਰੁੱਧ ਸੁਰੱਖਿਆ ਵਿਕਸਿਤ ਕਰਨ ਦਾ ਇੱਕ ਤਰੀਕਾ ਐਂਟੀਬਾਡੀਜ਼ ਵਿਕਸਿਤ ਕਰਨ ਦੁਆਰਾ ਹੈ, ਜੋ ਕਿਸੇ ਲਾਗ ਤੋਂ ਬਾਅਦ ਜਾਂ ਕੋਈ ਟੀਕਾ ਲਗਾਉਣ ਤੋਂ ਬਾਅਦ ਹੋ ਸਕਦਾ ਹੈ। ਅਸੀਂ ਇਹ ਵੇਖਣ ਲਈ ਐਂਟੀਬਾਡੀਜ਼ ਨੂੰ ਮਾਪ ਸਕਦੇ ਹਾਂ ਕਿ ਉਨ੍ਹਾਂ ਛੂਤ ਦੀਆਂ ਬਿਮਾਰੀਆਂ ਤੋਂ ਅਸੀਂ ਕਿੰਨੇ ਕੁ ਸੁਰੱਖਿਅਤ ਹਾਂ।

ਇਹ ਕਰਨ ਲਈ ਅਸੀਂ ਇੰਗਲੈਂਡ ਵਿੱਚ 0-24 ਸਾਲ ਦੀ ਉਮਰ ਵਾਲੇ ਬੱਚਿਆਂ ਦੀ ਚੋਣ ਤੋਂ ਖੂਨ ਦਾ ਨਮੂਨਾ ਇਕੱਠਾ ਕਰਨਾ ਵਿਕਸਿਤ ਕਰਨ ਲਈ ਪਬਲਿਕ ਹੈਲਥ ਇੰਗਲੈਂਡ ਨਾਲ ਕੰਮ ਕਰ ਰਹੇ ਹਾਂ। ਤਕਰੀਬਨ 3500 ਭਾਗੀਦਾਰ ਹੋਣਗੇ।

ਸ਼ੁਰੂਆਤ ਵਿੱਚ ਅਸੀਂ COVID-19, ਗਰੁੱਪ ਸੀ ਮੈਨਿਨਗੋਕੋਕਲ (ਮੈਨ ਸੀ) ਅਤੇ ਡਿਪਥੀਰੀਆ ਨੂੰ ਵੇਖ ਰਹੇ ਹਾਂ। COVID-19 ਜਿਹੀਆਂ ਛੂਤ ਦੀਆਂ ਬਿਮਾਰੀਆਂ ਦੇ ਵਿਰੁੱਧ ਐਂਟੀਬਾਡੀਜ਼ ਦੀ ਭਾਲ ਕਰਕੇ ਅਸੀਂ ਇਹ ਦੱਸ ਸਕਦੇ ਹਾਂ ਕਿ ਆਬਾਦੀ ਦਾ ਕਿੰਨਾ ਅਨੁਪਾਤ ਬਿਮਾਰੀ ਦੇ ਸੰਪਰਕ ਵਿੱਚ ਆ ਚੁੱਕਾ ਹੈ। ਇਹ ਜਾਣਕਾਰੀ ਇਸ ਬਾਰੇ ਫੈਸਲਾ ਲੈਣ ਵਿੱਚ ਪਬਲਿਕ ਹੈਸਥ ਇੰਗਲੈਂਡ ਅਤੇ ਸਾਇੰਟਿਫਿਕ ਐਂਡਵਾਇਜ਼ਰੀ ਗਰੁੱਪ ਫਾਰ ਐਮਰਜੈਂਸੀਜ਼ (SAGE) ਦੀ ਮਦਦ ਕਰੇਗੀ ਕਿ ਉਹ ਹੁਣੇ ਅਤੇ ਭਵਿੱਖ ਵਿੱਚ COVID-19 ਮਹਾਮਾਰੀ ਵੱਲ ਪ੍ਰਤਿਕਿਰਿਆ ਨੂੰ ਕਿਵੇਂ ਪ੍ਰਬੰਧਿਤ ਕਰਨਗੇ।

ਅਸੀਂ ਸਕ੍ਰਿਆ ਤੌਰ 'ਤੇ ਗਿਆਤ ਜਾਂ ਸੰਦਿਗਧ COVID-19 ਵਾਲੇ ਲੋਕਾਂ ਨੂੰ ਭਰਤੀ ਕਰਨ ਦੀ ਭਾਲ **ਨਹੀਂ** ਕਰ ਰਹੇ ਹਾਂ, ਪਰ ਇਸ ਦੀ ਬਜਾਏ ਅਸੀਂ ਆਮ ਆਬਾਦੀ ਦਾ ਇੱਕ ਸਨੈਪਸ਼ਾਟ ਚਾਹੁੰਦੇ ਹਾਂ। ਜਾਂਚ ਮੌਕੇ ਦੇ ਨਤੀਜੇ ਪ੍ਰਦਾਨ ਨਹੀਂ ਕਰਦੀ ਅਤੇ ਇਹ ਸਮਝਣਾ ਮਹੱਤਵਪੂਰਨ ਹੈ *ਕਿ ਅਸੀਂ ਵੱਖੋ-ਵੱਖ ਭਾਗੀਦਾਰਾਂ (ਜਾਂ ਉਨ੍ਹਾਂ ਦੇ ਪਰਿਵਾਰਾਂ) ਨੂੰ ਉਨ੍ਹਾਂ ਦੇ ਟੈਸਟ ਦੇ ਨਤੀਜੇ ਮੁਹੱਈਆ ਨਹੀਂ ਕਰਾਂਗੇ।* ਇਹ ਇਸ ਅਧਿਐਨ ਨੂੰ ਜਿੰਨਾ ਹੋ ਸਕੇ ਸਹੀ ਬਣਾਉਣ ਦੀ ਕੋਸ਼ਿਸ਼ ਕਰਨ ਅਤੇ ਇਸਨੂੰ ਸਹੀ ਬਣਾਉਣ ਲਈ ਇੱਕ ਮਹੱਤਵਪੂਰਣ ਕਦਮ ਹੈ ਕਿਉਂਕਿ ਅਸੀਂ ਅਜਿਹੇ ਬਹੁਤ ਜ਼ਿਆਦਾ ਲੋਕਾਂ ਨੂੰ ਭਰਤੀ ਨਹੀਂ ਕਰਨਾ ਚਾਹੁੰਦੇ ਜੋ ਇਹ ਮਹਿਸੂਸ ਕਰਦੇ ਹਨ ਕਿ ਉਹਨੂੰ, ਜਾਂ ਉਨ੍ਹਾਂ ਦੇ ਬੱਚੇ ਨੂੰ, COVID-19 ਹੋਇਆ ਸੀ ਅਤੇ 'ਚੈੱਕ ਕਰਨਾ ਚਾਹੁੰਦੇ ਹਨ'। ਇਹ ਸਾਨੂੰ COVID-19 ਦੇ ਫੈਲਣ ਅਤੇ ਸਾਰੀ ਆਬਾਦੀ ਵਿੱਚ ਇਸ ਵਾਇਰਸ ਵੱਲ ਇਮਿਊਨਿਟੀ ਬਾਰੇ ਗਲਤ ਜਾਣਕਾਰੀ ਦੇਵੇਗਾ।

ਮੈਨ ਸੀ ਅਤੇ ਡਿਪਥੀਰੀਆ ਦੇ ਵਿਰੁੱਧ ਐਂਟੀਬਾਡੀਜ਼ 'ਤੇ ਨਜ਼ਰ ਪਾਉਣਾ ਸਾਡੀ ਇਹ ਸਮਝਣ ਵਿਚ ਸਹਾਇਤਾ ਕਰੇਗਾ ਕਿ ਮੌਜੂਦਾ ਟੀਕਾਕਰਨ ਪ੍ਰੋਗ੍ਰਾਮ ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਖ਼ਾਸਕਰ ਕਿ ਕੀ ਕੋਈ ਅਜਿਹੀ ਉਮਰ ਦੇ ਸਮੂਹ ਜਾਂ ਆਬਾਦੀਆਂ ਤਾਂ ਨਹੀਂ ਹਨ ਜਿੰਨ੍ਹਾਂ ਦੀ ਸੁਰੱਖਿਆ ਦੇ ਪੱਧਰ ਵੱਖੋਵੱਖ ਹਨ।

## ਨਾਵਲ ਕੋਰੋਨਾਵਾਇਰਸ (COVID-19) ਕੀ ਹੈ?

ਨਾਵਲ ਕੋਰੋਨਾਵਾਇਰਸ (COVID-19) ਇਨਸਾਨਾਂ ਵਿੱਚ ਇੱਕ ਨਵਾਂ ਵਾਇਰਸ ਹੈ। ਕੋਰੋਨਾਵਾਇਰਸ ਵਾਇਰਸਾਂ ਦਾ ਇੱਕ ਵੱਡਾ ਸਮੂਹ ਹੈ ਜਿਸ ਵਿੱਚ ਕੁਝ ਵਾਇਰਸ ਜ਼ੁਕਾਮ ਵਾਂਗ ਲੱਛਣ ਪੈਦਾ ਕਰਦੇ ਹਨ ਅਤੇ ਦੂਜੇ ਵਾਇਰਸ ਬਹੁਤ ਜ਼ਿਆਦਾ ਗੰਭੀਰ ਸੰਕਰਮਣ ਪੈਦਾ ਕਰਦੇ ਹਨ। ਕੋਰੋਨਾਵਾਇਰਸ ਮੁੱਖ ਤੌਰ 'ਤੇ ਖੰਗਣ ਜਾਂ ਨਿੱਛ ਮਾਰਨ ਕਰਕੇ ਨਿਕਲਣ ਵਾਲੀਆਂ ਵੱਡੀਆਂ ਬੂੰਦਾਂ ਦੁਆਰਾ ਸੰਚਾਰਿਤ ਹੁੰਦੇ ਹਨ। ਹਰ ਵਿਅਕਤੀ ਜਿਸਨੂੰ ਇਹ ਵਾਇਰਸ ਹੋਇਆ ਹੈ ਉਸ ਵਿੱਚ ਲੱਛਣ ਨਹੀਂ ਹੋਏ ਹੋਣਗੇ।

## ਮੈਨਿਨਗੋਕੋਕਲ ਗਰੁੱਪ ਸੀ ਕੀ ਹੈ?

ਮੈਨਸੀ (MenC) ਰੋਗ ਗਰੁੱਪ ਸੀ ਮੈਨਿਨਗੋਕੋਕਲ ਬੈਕਟੀਰੀਆ ਦੀ ਲਾਗ ਨਾਲ ਹੁੰਦਾ ਹੈ। ਮੈਨਸੀ ਨਾਲ ਮੈਨਿਨਗਿਟਿਸ, ਜੋ ਕਿ ਦਿਮਾਗ ਦੇ ਆਲੇ-ਦੁਆਲੇ ਦੀ ਜਲਨ ਜਾਂ ਸੋਜਸ਼ ਹੈ, ਅਤੇ ਸੈਪਸਿਸ ਹੋ ਸਕਦਾ ਹੈ। ਮੈਨਿਨਗਿਟਿਸ ਅਤੇ ਸੈਪਸਿਸ ਦੋਵੇਂ ਬਹੁਤ ਗੰਭੀਰ ਰੋਗ ਹਨ ਜੋ ਕਿ ਜਾਨਲੇਵਾ ਹੋ ਸਕਦੇ ਹਨ। ਮੈਨਸੀ ਟੀਕਾਕਰਣ ਨੂੰ ਪੇਸ਼ ਕੀਤੇ ਜਾਣ ਤੋਂ ਬਾਅਦ ਸਾਰੇ ਉਮਰ ਸਮੂਹਾਂ ਵਿੱਚ ਮੈਨਸੀ ਬਿਮਾਰੀ ਵਿੱਚ ਤੇਜ਼ੀ ਨਾਲ ਗਿਰਾਵਟ ਆਈ। ਹਾਲਾਂਕਿ ਪਿਛਲੇ ਕੁਝ ਸਾਲਾਂ ਵਿੱਚ ਮੈਨਸੀ ਬਿਮਾਰੀ ਦੇ ਕੇਸਾਂ ਵਿੱਚ ਥੋੜ੍ਹਾ ਵਾਧਾ ਹੋਇਆ ਹੈ। ਅਸੀਂ ਇਹ ਵੇਖਣਾ ਚਾਹੁੰਦੇ ਹਾਂ ਕਿ ਕੀ ਇਹ ਇਸ ਬੈਕਟੀਰੀਆ ਦੇ ਵਿਰੁੱਧ ਐਂਟੀਬਾਡੀ ਦੇ ਉੱਚ ਪੱਧਰ ਦੀ ਆਬਾਦੀ ਵਾਲੇ ਬਹੁਤ ਘੱਟ ਲੋਕਾਂ ਦੇ ਕਾਰਨ ਹੈ।

## ਡਿਪਥੀਰੀਆ ਕੀ ਹੈ?

ਡਿਪਥੀਰੀਆ ਇੱਕ ਆਸਾਨੀ ਨਾਲ ਫੈਸਲ ਸਕਣ ਵਾਲਾ ਬੈਕਟੀਰੀਅਲ ਰੋਗ ਹੈ। ਬੈਕਟੀਰੀਆ ਟੌਕਸਿਨ ਉਤਪੰਨ ਕਰਦਾ ਹੈ ਜਿਸ ਕਰਨ ਅਚਾਨਕ ਬੁਖਾਰ, ਥਰਾਬ ਗਲਾ, ਗਦੂਦ ਦੀ ਸੋਜਿਸ਼ ਅਤੇ ਕਦੇ-ਕਦਾਈਂ ਚਮੜੀ ਵਿੱਚ ਖਰਾਬੀ ਹੋ ਸਕਦੀ ਹੈ। ਇੱਕ ਸਮੇਂ ਵਿੱਚ ਇਹ ਬਚਪਨ ਵਿੱਚ ਮੌਤ ਹੋਣ ਦਾ ਆਮ ਕਾਰਨ ਸੀ। ਜਿਨ੍ਹਾਂ ਦੇਸ਼ਾਂ ਵਿੱਚ ਟੀਕਾਕਰਨ ਦੇ ਚੰਗੇ ਪ੍ਰੋਗਰਾਮ ਹਨ ਉਹਨਾਂ ਨੇ ਇਹਨਾਂ ਕੇਸਾਂ ਦੀ ਗਿਣਤੀ ਵਿੱਚ ਗਿਰਾਵਟ ਲਿਆਂਦੀ ਹੈ ਉਹਨਾਂ ਦੇਸ਼ਾਂ ਤੋਂ ਇਹ ਬਿਮਾਰੀ ਫਿਰ ਵਾਪਸ ਆ ਸਕਦੀ ਹੈ ਜਿੱਥੇ ਇਹ ਹਾਲੇ ਵੀ ਕਿਰਿਆਸ਼ੀਲ ਹੈ। ਸਾਲ 2018 ਵਿੱਚ ਪਿਛਲੇ ਸਾਲਾਂ ਦੇ ਮੁਕਾਬਲੇ ਕੇਸਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਸੀ, ਹਾਲਾਂਕਿ ਜਿਹੜੇ ਲੋਕ ਬਿਮਾਰ ਸਨ ਉਨ੍ਹਾਂ ਨੂੰ ਟੀਕਾ ਲਗਾਇਆ ਗਿਆ ਸੀ ਅਤੇ ਉਹ ਕਿਸੇ ਅਜਿਹੇ ਦੇਸ਼ ਵਿੱਚ ਨਹੀਂ ਗਏ ਜਿੱਥੇ ਡਿਪਥੀਰੀਆ ਦਾ ਰੋਗ ਆਮ ਹੈ।

## ਇਸ ਅਧਿਐਨ ਵਿੱਚ ਕੀ ਹੁੰਦਾ ਹੈ?

ਅਸੀਂ ਪੂਰੇ ਇੰਗਲੈਂਡ ਵਿੱਚ ਕਈ ਸਾਈਟਾਂ 'ਤੇ ਤਕਰੀਬਨ 3500 ਵਿਅਕਤੀਆਂ ਦੀ ਭਰਤੀ ਕਰਾਂਗੇ। ਖ਼ੂਨ ਦੀ ਜਾਂਚ ਲਈ ਸਿਰਫ਼ ਇੱਕ ਦੌਰਾ ਹੋਵੇਗਾ, ਐਨੇਸਥੈਟਿਕ ਕਰੀਮ ਜਾਂ ਸਪਰੇਅ, ਅਤੇ, ਛੋਟੇ ਬੱਚਿਆਂ ਲਈ, ਕਿਸੇ ਵੀ ਪਰੇਸ਼ਾਨੀ ਨੂੰ ਘਟਾਉਣ ਲਈ, ਤੁਹਾਡੇ ਬੱਚੇ ਦਾ ਧਿਆਨ ਭਟਕਾਉਣ ਲਈ ਖੇਡ ਸਹਾਇਕਾਂ ਦੀ ਵਰਤੋਂ ਰਾਹੀਂ। ਕੁਝ ਭਾਗੀਦਾਰਾਂ ਨੂੰ ਮਗਰਲੇ ਦੌਰਿਆਂ 'ਤੇ ਵਾਰ-ਵਾਰ ਖ਼ੂਨ ਅਤੇ ਲਾਰ ਦੇ ਨਮੂਨੇ ਪ੍ਰਦਾਨ ਕਰਨ ਲਈ ਸੱਦਾ ਦਿੱਤਾ ਜਾਵੇਗਾ।

ਪਹਿਲੇ ਦੌਰੇ ਵਿੱਚ ਅਸੀਂ ਤੁਹਾਡੇ ਕੋਲੋਂ ਤੁਹਾਡੇ ਬੱਚੇ ਬਾਰੇ ਕੁਝ ਮੁਢਲੀ ਜਾਣਕਾਰੀ ਪੁੱਛਾਂਗੇ:

- ਜਨਮ ਮਿਤੀ
- ਲਿੰਗ

- ਪੋਸਟ ਕੋਡ
- ਜੀਪੀ ਜਾਣਕਾਰੀ
- ਨਸਲੀ ਗਰੁੱਪ
- ਜੀਵਨ ਦੇ ਹਾਲਾਤ
- ਟੀਕਾਕਰਣ ਇਤਿਹਾਸ
- ਤੁਹਾਡੇ ਬੱਚੇ ਅਤੇ ਉਸਦੇ ਪਰਿਵਾਰ ਦੇ ਸੰਪਰਕਾਂ ਦਾ ਹਾਲ ਹੀ ਵਿੱਚ ਸਾਹ ਦੀ ਲਾਗ ਦਾ ਇਤਿਹਾਸ (ਉਦਾਹਰਨ ਲਈ ਖੰਘ ਅਤੇ ਜ਼ੁਕਾਮ)।

ਜੇ ਤੁਸੀਂ ਇਸ ਅਧਿਐਨ ਵਿੱਚ ਹਿੱਸਾ ਲੈਣ ਦਾ ਫ਼ੈਸਲਾ ਕਰਦੇ ਹੋ ਤਾਂ ਅਸੀਂ ਸਥਾਨਕ ਪ੍ਰਬੰਧਾਂ ਦੇ ਆਧਾਰ 'ਤੇ, ਜਾਂ ਤਾਂ ਤੁਹਾਡੇ ਨਜ਼ਦੀਕ ਕਿਸੇ ਥਾਂ 'ਤੇ ਕਲੀਨਿਕ ਵਿੱਚ ਜਾਂ ਤੁਹਾਡੇ ਘਰ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਮੁਲਾਕਾਤ ਕਰਨ ਦਾ ਪ੍ਰਬੰਧ ਕਰਾਂਗੇ। ਜੇ ਤੁਹਾਡੇ ਘਰ ਵਿੱਚ ਇੱਕ ਤੋਂ ਵੱਧ ਬੱਚੇ ਹਨ ਤਾਂ ਸਿਰਫ ਇੱਕ ਹੀ ਭਾਗ ਲੈ ਸਕਦਾ ਹੈ ਸਿਵਾਏ ਇਸ ਦੇ ਕਿ ਉਹਨਾਂ ਦੀ ਉਮਰ ਦਾ ਫਰਕ 5 ਸਾਲਾਂ ਤੋਂ ਵੱਧ ਦਾ ਹੋਵੇ।

ਮੁਲਾਕਾਤ ਤੇ, ਅਧਿਐਨ ਟੀਮ ਦਾ ਮੈਂਬਰ ਇਹ ਕਰੇਗਾ:

- ਤੁਹਾਡੇ ਨਾਲ ਅਧਿਐਨ ਦੇ ਬਾਰੇ ਚਰਚਾ ਕਰੇਗਾ ਅਤੇ ਉਸ ਦੁਆਰਾ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਹਰ ਸਵਾਲ ਦਾ ਜਵਾਬ ਦਿੱਤਾ ਜਾਵੇਗਾ
- ਜੇ ਤੁਸੀਂ ਹਿੱਸਾ ਲੈਣ ਲਈ ਸਹਿਮਤ ਹੁੰਦੇ ਹੋ ਤਾਂ ਤੁਹਾਨੂੰ ਇਕ ਸਹਿਮਤੀ ਫਾਰਮ 'ਤੇ ਦਸਤਖਤ ਕਰਨ ਲਈ ਕਹੇਗਾ
- ਇਹ ਪੁੱਛਾਂਗੇ ਕਿ ਇਸ ਖੋਜ ਅਧਿਐਨ ਲਈ ਤੁਸੀਂ ਅਤੇ ਤੁਹਾਡਾ ਬੱਚਾ ਭਵਿੱਖ ਵਿੱਚ ਖ਼ੂਨ ਅਤੇ ਲਾਰ ਦੇ ਨਮੂਨੇ ਪ੍ਰਦਾਨ ਕਰਨਾ ਚਾਹੁੰਦੇ ਹੋ ਜਾਂ ਨਹੀਂ।
- ਤੁਹਾਡੇ ਕੋਲੋਂ ਉੱਪਰ ਦਿੱਤੀ ਗਈ ਮੁਢਲੀ ਜਾਣਕਾਰੀ ਪੁੱਛਾਂਗੇ
- ਤੁਹਾਡੇ ਬੱਚੇ ਦੇ ਮੈਡੀਕਲ ਇਤਿਹਾਸ ਅਤੇ ਪਰਿਵਾਰਕ ਸੰਪਰਕਾਂ 'ਤੇ ਸਵਾਲ ਪੁੱਛੇ ਜਾਣਗੇ
- ਤੁਹਾਡੇ ਬੱਚੇ ਤੋਂ ਖ਼ੂਨ ਦਾ ਨਮੂਨਾ ਲਵੇਗਾ (ਨਮੂਨੇ ਦੀ ਮਾਤਰਾ ਦੋ ਮਹੀਨੇ ਤੋਂ ਘੱਟ ਦੀ ਉਮਰ ਵਾਲੇ ਬੱਚਿਆਂ ਵਿੱਚ 2 ਮਿਲੀਲੀਟਰ ਤੋਂ ਲੈ ਕੇ 15 ਸਾਲ ਤੱਕ ਦੀ ਉਮਰ ਵਾਲੇ ਬੱਚਿਆਂ ਵਿੱਚ 30 ਮਿਲੀਲੀਟਰ ਤੱਕ ਹੋਵੇਗੀ, ਇਹ ½ ਤੋਂ ਘੱਟ ਅਤੇ 6 ਚਮਚਿਆਂ ਦੇ ਵਿਚਕਾਰ ਹੈ।)

ਸਾਰੀ ਮੁਲਾਕਾਤ ਵਿੱਚ ਲਗਭਗ 45 ਮਿੰਟ ਦਾ ਸਮੇਂ ਲੱਗ ਸਕਦਾ ਹੈ।

ਕਲੀਨਿਕਾਂ ਵਿੱਚ ਦੇਖੇ ਗਏ ਭਾਗੀਦਾਰਾਂ ਨੂੰ ਯਾਤਰਾ ਲਈ ਅਦਾਇਗੀ ਵਜੋਂ £20 ਦਾ ਵਾਊਚਰ ਦਿੱਤਾ ਜਾਵੇਗਾ।

## ਤੁਸੀਂ ਕੁਝ ਭਾਗੀਦਾਰਾਂ ਨੂੰ ਵਾਰ-ਵਾਰ ਖ਼ੂਨ ਅਤੇ ਲਾਰ ਦੇ ਨਮੂਨੇ ਪ੍ਰਦਾਨ ਕਰਨ ਲਈ ਕਿਉਂ ਪੁੱਛ ਰਹੇ ਹੋ?

ਜਦੋਂ ਲਾਗ ਨਾਲ ਲੜਨ ਲਈ ਸਾਡੇ ਅੰਦਰ ਐਂਟੀਬਾਡੀਜ਼ ਬਣਦੀਆਂ ਹਨ ਓਦੋਂ ਸਾਡੇ ਖ਼ੂਨ ਅਤੇ ਅਲਾਰ ਵਿੱਚ ਉਨ੍ਹਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਕੁਝ ਸੰਕਰਮਣਾਂ ਤੋਂ ਬਾਅਦ ਲੰਬੇ ਸਮੇਂ ਤਕ ਇਨ੍ਹਾਂ ਐਂਟੀਬਾਡੀਜ਼ ਦਾ ਵਾਧੂ ਪੱਧਰ ਕਾਇਮ ਰਹਿੰਦਾ ਹੈ ਜੋ ਸਾਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਹੋਰ ਸੰਕਰਮਣਾਂ ਲਈ ਉਹ ਛੇਤੀ ਘੱਟਦੇ ਹਨ ਜਿਸਦਾ ਇਹ ਮਤਲਬ

ਹੈ ਕਿ ਸਾਨੂੰ ਉਹੀ ਲਾਗ ਦੁਬਾਰਾ ਹੋ ਸਕਦੀ ਹੈ। ਇਸ ਬਰੇ ਅਜੇ ਬਹੁਤ ਥੋੜ੍ਹੀ ਜਾਣਕਾਰੀ ਹੈ ਕਿ COVID-19 ਲਈ ਸਰੀਰ ਕਿਵੇਂ ਪ੍ਰਤਿਕਿਰਿਆ ਕਰਦਾ ਹੈ, ਖ਼ਾਸਕਰ ਹਲਕੇ ਲੱਛਣਾਂ ਵਾਲਿਆਂ ਲਈ, ਅਤੇ ਵਾਰ-ਵਾਰ ਖ਼ੂਨ ਅਤੇ ਲਾਰ ਦੇ ਨਮੂਨੇ ਲੈਣ ਨਾਲ ਅਸੀਂ ਇਹ ਵੇਖਣ ਦੀ ਉਮੀਦ ਕਰਦੇ ਹਾਂ ਕਿ ਸਮੇਂ ਦੇ ਨਾਲ ਐਂਟੀਬਾਡੀਜ਼ ਦੇ ਪੱਧਰ ਕਿਵੇਂ ਬਦਲਦੇ ਹਨ। ਇਸ ਲਈ, ਅਸੀਂ 2 ਤੋਂ 3 ਮਹੀਨਿਆਂ ਦੇ ਅੰਤਰਾਲ ’ਤੇ ਕੁਝ ਭਾਗੀਦਾਰਾਂ ਤੋਂ ਖ਼ੂਨ ਦੇ 1 ਤੋਂ 3 ਵਾਧੂ ਨਮੂਨੇ ਲੈਣਾ ਚਾਹਾਂਗੇ, ਜਿਸਦੇ ਨਾਲ ਐਂਟੀਬਾਡੀਜ਼ ਲਈ ਜਾਂਚ ਕਰਨ ਦੇ ਇੱਕ ਹੋਰ ਤਰੀਕੇ ਵਜੋਂ ਲਾਰ ਦੀ ਜਾਂਚ ਵੀ ਕੀਤੀ ਜਾਵੇਗੀ। ਹਰ ਦੌਰੇ ਵਿੱਚ ਅਸੀਂ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਵੀ ਸੰਪਰਕ ਨੂੰ ਪਿਛਲੇ ਦੌਰੇ ਤੋਂ ਬਾਅਦ ਪੈਦਾ ਹੋਏ COVID-19 ਦੇ ਲੱਛਣਾਂ ਬਾਰੇ ਪੁੱਛਾਂਗੇ। ਅਸੀਂ COVID-19 ਐਂਟੀਬਾਡੀਜ਼ ਲਈ ਪਾਜ਼ਿਟਿਵ ਜਾਂ ਨੇਗੇਟਿਵ ਜਾਂਚ ਵਾਲੇ ਵੱਖੋ-ਵੱਖ ਭਾਗੀਦਾਰਾਂ ਦੇ ਪਹਿਲੇ ਦੌਰੇ ਵਿੱਚ ਉਨ੍ਹਾਂ ਤੋਂ ਵਾਰ-ਵਾਰ ਇਨ੍ਹਾਂ ਨਮੂਨਿਆਂ ਦੀ ਮੰਗ ਕਰਾਂਗੇ। ਜੇ ਅਸੀਂ ਤੁਹਾਨੂੰ ਵਾਰ-ਵਾਰ ਖ਼ੂਨ/ਲਾਰ ਦਾ ਨਮੂਨਾ ਦੇਣ ਲਈ ਆਉਣ ਵਾਸਤੇ ਕਹਾਂਗੇ ਤਾਂ ਤੁਹਾਨੂੰ ਇਸ ਬਾਰੇ ਸੂਚਿਤ ਨਹੀਂ ਕੀਤਾ ਜਾਵੇਗਾ ਕਿ COVID-19 ਲਈ ਤੁਹਾਡੀ ਜਾਂਚ ਪਾਜ਼ਿਟਿਵ ਸੀ ਜਾਂ ਨੇਗੇਟਿਵ।

ਕਿਰਪਾ ਕਰਕੇ ਨੋਟ ਕਰੋ ਕਿ ਤੁਸੀਂ ਵਾਰ-ਵਾਰ ਲਏ ਜਾਣ ਵਾਲੇ ਇਨ੍ਹਾਂ ਨਮੂਨਿਆਂ ਤੋਂ ਇਨਕਾਰ ਕਰ ਸਕਦੇ ਹੋ ਅਤੇ ਫਿਰ ਵੀ ਮੁੱਖ ਅਧਿਐਨ ਵਿੱਚ ਹਿੱਸਾ ਲੈ ਸਕਦੇ ਹੋ

## ਕੀ ਮੇਰੇ ਬੱਚੇ ਨੂੰ ਇਸ ਅਧਿਐਨ ਵਿੱਚ ਹਿੱਸਾ ਲੈਣਾ ਹੋਵੇਗਾ?

ਨਹੀਂ, ਇਹ ਰੁਟੀਨ ਦੇਖਭਾਲ ਲਈ ਭਾਗੀਦਾਰੀ ਨਹੀਂ ਹੈ, ਇਸ ਖੋਜ ਵਿੱਚ ਹਿੱਸਾ ਲੈਣਾ ਤੁਹਾਡੀ ਸਵੈਇੱਛਾ ਹੈ। ਜੇ ਤੁਸੀਂ ਹਿੱਸਾ ਨਹੀਂ ਲੈਣ ਦਾ ਫੈਸਲਾ ਕਰਦੇ ਹੋ ਤਾਂ ਇਹ ਤੁਹਾਡੇ ਬੱਚੇ ਦੀ ਰੁਟੀਨ ਦੇਖਭਾਲ ਨੂੰ ਕਿਸੇ ਵੀ ਤਰੀਕੇ ਨਾਲ ਪ੍ਰਭਾਵਤ ਨਹੀਂ ਕਰਦਾ। ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ। ਤੁਸੀਂ ਜੋ ਵੀ ਚੁਣਦੇ ਹੋ, ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਫੈਸਲੇ ਤੋਂ ਖੁਸ਼ ਹੋਵੋ ਅਤੇ ਤੁਹਾਡੇ ਫੈਸਲਾ ਲੈਣ ਵਿੱਚ ਅਧਿਐਨ ਟੀਮ ਤੁਹਾਡੀ ਸਹਾਇਤਾ ਨਹੀਂ ਕਰ ਪਾਵੇਗੀ।

## ਇਸ ਅਧਿਐਨ ਵਿੱਚ ਹਿੱਸਾ ਲੈਣ ਦੇ ਸੰਭਵਾਵਿਤ ਨੁਕਸਾਨ ਅਤੇ ਜੋਖਮ ਕੀ ਹਨ?

ਖ਼ੂਨ ਦੀ ਜਾਂਚ ਤੋਂ ਬਾਅਦ ਤੁਹਾਡੇ ਬੱਚੇ ਨੂੰ ਉਸ ਜਗ੍ਹਾ ਤਣਾਅ ਜਾਂ ਜਲਣ ਮਹਿਸੂਸ ਹੋ ਸਕਦੀ ਹੈ ਜਿੱਥੇ ਤੋਂ ਖ਼ੂਨ ਦਾ ਨਮੂਨਾ ਲਿਆ ਗਿਆ ਹੈ।

## ਇਸ ਅਧਿਐਨ ਵਿੱਚ ਹਿੱਸਾ ਲੈਣ ਦੇ ਕੀ ਲਾਭ ਹਨ?

ਇੱਸ ਅਧਿਐਨ ਵਿੱਚ ਭਾਗ ਲੈਣ ਦੇ ਕੋਈ ਵੀ ਨਿੱਜੀ ਲਾਭ ਨਹੀਂ ਹਨ, ਅਤੇ ਭਾਗੀਦਾਰਾਂ ਨੂੰ ਉਹਨਾਂ ਦੇ ਵਿਅਕਤੀਗਤ ਨਤੀਜੇ ਨਹੀਂ ਦਿੱਤੇ ਜਾਣਗੇ। ਇਸ ਅਧਿਐਨ ਤੋਂ ਪ੍ਰਾਪਤ ਕੀਤੀ ਜਾਣਕਾਰੀ ਨਾਵਲ ਕੋਰੋਨਾਵਾਇਰਸ (COVID-19) ਜਿਹੀਆਂ ਲਾਗਾਂ ਅਤੇ ਇਹ ਜਾਣਨ ਵਿੱਚ ਸਾਡੀ ਮਦਦ ਕਰੇਗੀ ਕਿ ਟੀਕੇ ਨਾਲ ਰੋਕੀਆਂ ਜਾ ਸਕਣ ਵਾਲੀਆਂ ਬਿਮਾਰੀਆਂ ਜਿਵੇਂ, ਮੈਨ ਸੀ ਅਤੇ ਡਿਥੀਥੀਰੀਆ, ਦੇ ਵਿਰੁੱਧ ਅਧਿਐਨ ਅਧੀਨ ਆਬਾਦੀ ਕਿੰਨੀ ਚੰਗੀ ਤਰ੍ਹਾਂ ਸੁਰੱਖਿਅਤ ਹੈ।

## ਅਧਿਐਨ ਵਿੱਚ ਪ੍ਰਾਪਤ ਨਮੂਨਿਆਂ ਦਾ ਕੀ ਕੀਤਾ ਜਾਵੇਗਾ?

ਤੁਹਾਡੇ ਬੱਚੇ ਦੁਆਰਾ ਪ੍ਰਦਾਨ ਕੀਤੇ ਗਏ ਨਮੂਨਿਆਂ ਦੀ ਪ੍ਰਕਿਰਿਆ ਕੀਤੀ ਜਾਏਗੀ ਅਤੇ ਤੁਹਾਡੀ ਸਥਾਨਕ ਪ੍ਰਯੋਗਸ਼ਾਲਾ ਵਿੱਚ ਸਟੋਰ ਕੀਤੀ ਜਾਏਗੀ ਅਤੇ ਫਿਰ ਪਬਲਿਕ ਹੈਲਥ ਇੰਗਲੈਂਡ (PHE) ਪ੍ਰਯੋਗਸ਼ਾਲਾਵਾਂ ਵਿੱਚ ਭੇਜ ਦਿੱਤੀ ਜਾਏਗੀ ਜਿੱਥੇ

ਇਸਦਾ ਵਿਸ਼ਲੇਸ਼ਣ ਕੀਤਾ ਜਾਵੇਗਾ। ਕਿਸੇ ਵੀ ਬਾਕੀ ਨਮੂਨੇ ਨੂੰ PHE ਅਤੇ ਆਕਸਫੋਰਡ ਵੈਕਸੀਨ ਗਰੁੱਪ, ਯੂਨੀਵਰਸਿਟੀ ਆਫ ਆਕਸਫੋਰਡ ਦੁਆਰਾ ਸਟੋਰ ਕੀਤਾ ਜਾਏਗਾ, ਅਤੇ ਭਵਿੱਖ ਵਿੱਚ ਛੂਤ ਦੀਆਂ ਬਿਮਾਰੀਆਂ ਨਾਲ ਸੰਬੰਧਿਤ ਖੋਜ ਵਿੱਚ ਵਰਤਿਆ ਜਾ ਸਕਦਾ ਹੈ। ਨਮੂਨੇ ਤੋਂ ਤੁਹਾਡੇ ਬੱਚੇ ਦੀ ਪਛਾਣ ਹੋਣਾ ਸੰਭਵ ਨਹੀਂ ਹੋਵੇਗਾ ਹਾਲਾਂਕਿ ਜੇ ਤੁਸੀਂ ਅਧਿਐਨ ਤੋਂ ਬਾਹਰ ਨਿਕਲਣਾ ਚਾਹੋਗੇ ਤਾਂ ਇਸ ਦਾ ਪਤਾ ਲਗਾਇਆ ਜਾ ਸਕਦਾ ਹੈ। ਅਸੀਂ ਤੁਹਾਡੇ ਬੱਚੇ ਦੇ ਖ਼ੂਨ ਤੋਂ DNA ਦਾ ਨਮੂਨਾ ਲੈਣ ਲਈ ਤੁਹਾਡੀ ਇਜਾਜ਼ਤ ਵੀ ਮੰਗ ਸਕਦੇ ਹਾਂ, ਪਰ ਤੁਸੀਂ ਇਸ ਤੋਂ ਇਨਕਾਰ ਕਰ ਸਕਦੇ ਹੋ ਅਤੇ ਫਿਰ ਵੀ ਅਧਿਐਨ ਵਿਚ ਹਿੱਸਾ ਲੈ ਸਕਦੇ ਹੋ। ਅਧਿਐਨ ਦੇ DNA ਨਮੂਨਿਆਂ ਨੂੰ ਆਕਸਫੋਰਡ ਵੈਕਸੀਨ ਗਰੁੱਪ, ਯੂਨੀਵਰਸਿਟੀ ਆਫ ਆਕਸਫੋਰਡ ਵਿਖੇ ਸਟੋਰ ਕੀਤੇ ਜਾਣਗੇ।

## ਤੁਸੀਂ ਮੇਰੇ ਬੱਚੇ ਦੇ DNA ਦਾ ਅਧਿਐਨ ਕਿਉਂ ਕਰਨਾ ਚਾਹੋਗੇ?

ਤੁਹਾਡੇ ਬੱਚੇ ਦਾ ਵਿਲੱਖਣ DNA ਕੋਡ ਪ੍ਰਭਾਵਿਤ ਕਰ ਸਕਦਾ ਹੈ ਕਿ ਤੁਹਾਡਾ ਬਚਾਅ ਪ੍ਰਬੰਧ ਟੀਕਿਆਂ ਅਤੇ ਲਾਗਾਂ ਪ੍ਰਤੀ ਕਿਹੋ ਜਿਹੀ ਪ੍ਰਤਿਕਿਰਿਆ ਕਰਦਾ ਹੈ। ਅਸੀਂ ਇਹ ਅਧਿਐਨ ਕਰਨਾ ਚਾਹਾਂਗੇ ਕਿ ਲੋਕਾਂ ਦੇ DNA ਵਿੱਚ ਅੰਤਰ ਟੀਕਿਆਂ ਅਤੇ ਲਾਗਾਂ ਪ੍ਰਤੀ ਉਹਨਾਂ ਦੀ ਬਚਾਅ ਪ੍ਰਤਿਕਿਰਿਆ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ਤਾਂ ਜੋ ਸਾਡੀ ਇਸ ਸਮਝ ਵਿੱਚ ਸੁਧਾਰ ਹੋ ਸਕੇ ਕਿ ਇਨ੍ਹਾਂ ਲਾਗਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਰੋਕਿਆ ਜਾਵੇ।

## ਕੀ ਇਸ ਅਧਿਐਨ ਵਿੱਚ ਮੇਰੀ ਹਿੱਸੇਦਾਰੀ ਨੂੰ ਗੋਪਨੀਏ ਰੱਖਿਆ ਜਾਵੇਗਾ?

**ਹਾਂ।** ਤੁਹਾਡੇ ਬੱਚੇ ਵੱਲੋਂ ਪ੍ਰਾਪਤ ਕੀਤੀ ਸਾਰੀ ਜਾਣਕਾਰੀ ਅਤੇ ਖ਼ੂਨ ਦੇ ਨਮੂਨਿਆਂ ਨੂੰ ਇੱਕ ਅਧਿਐਨ ਨੰਬਰ ਨਾਲ ਕੋਡਬੱਧ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ।

ਤੁਹਾਡੇ ਬੱਚੇ ਦੀ ਜਾਣਕਾਰੀ ਨੂੰ ਇੱਕ ਸੁਰੱਖਿਅਤ ਸਰਵਰ 'ਤੇ ਸਟੋਰ ਕੀਤਾ ਜਾਵੇਗਾ, ਅਤੇ ਕਾਗਜ਼ੀ ਨੋਟਸ ਤੁਹਾਡੇ ਸਥਾਨਕ ਕਾਰਜਸਥਾਨ ਵਿੱਚ ਲੌਕ ਕੀਤੇ ਕੈਬਨਿਟ ਵਿੱਚ ਰੱਖੇ ਜਾਣਗੇ। ਸਿਰਫ ਅਧਿਕਾਰਤ ਸਟਾਫ ਨੂੰ ਹੀ ਤੁਹਾਡੇ ਬੱਚੇ ਦੇ ਡੇਟਾ ਅਤੇ ਨਮੂਨਿਆਂ ਤੱਕ ਪਹੁੰਚ ਹੋਵੇਗੀ।

ਤੁਹਾਡੀ ਇਜਾਜ਼ਤ ਨਾਲ, ਅਸੀਂ ਤੁਹਾਡੇ ਬੱਚੇ ਦੇ ਸਿਹਤ ਰਿਕਾਰਡਾਂ, ਐਨਐਚਐਸ ਡੇਟਾਬੇਸਿਸ ਜਾਂ ਤੁਹਾਡੇ ਬੱਚੇ ਦੇ ਜੀਪੀ ਤੋਂ ਟੀਕਾਕਰਣ ਅਤੇ ਮੈਡੀਕਲ ਇਤਿਹਾਸ ਦੀ ਜਾਂਚ ਕਰ ਸਕਦੇ ਹਾਂ।

## ਜੇ ਮੈਂ ਅਧਿਐਨ ਵਿੱਚ ਮੇਰੇ ਬੱਚੇ ਦੀ ਹਿੱਸੇਦਾਰੀ ਨੂੰ ਸਮਾਪਤ ਕਰਨ ਤੇ ਕੀ ਹੋਵੇਗਾ?

ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ ਅਤੇ ਬਿਨਾਂ ਕੋਈ ਕਾਰਨ ਦੱਸੇ ਅਧਿਐਨ ਵਿੱਚੋਂ ਬਾਹਰ ਨਿਕਲ ਸਕਦੇ ਹੋ। ਜੇ ਤੁਸੀਂ ਆਪਣੇ ਬੱਚੇ ਦਾ ਖ਼ੂਨ ਦਾ ਨਮੂਨਾ ਦੇਣ ਤੋਂ ਬਾਅਦ ਆਪਣਾ ਮਨ ਬਦਲ ਲੈਂਦੇ ਹੋ ਤਾਂ ਤੁਸੀਂ ਲਿਖਤੀ ਰੂਪ ਵਿੱਚ ਸਾਨੂੰ ਦੱਸ ਸਕਦੇ ਹੋ ਅਤੇ ਤੁਹਾਡੇ ਬੱਚੇ ਦੇ ਨਮੂਨੇ ਨੂੰ ਅਧਿਐਨ ਤੋਂ ਹਟਾਇਆ ਅਤੇ ਨਸ਼ਟ ਕਰ ਦਿੱਤਾ ਜਾਵੇਗਾ। ਖ਼ੂਨ ਦੇ ਨਮੂਨੇ ਲਈ ਅੱਗੇ ਕੋਈ ਵਿਸ਼ਲੇਸ਼ਣ ਨਹੀਂ ਹੋਵੇਗਾ।

## ਰਿਸਰਚ ਅਧਿਐਨ ਦੇ ਅੰਤ ਵਿੱਚ ਕੀ ਕੀਤਾ ਜਾਵੇਗਾ?

ਖੋਜ ਦੇ ਨਤੀਜਿਆਂ ਨੂੰ ਇੱਕ ਵਿਗਿਆਨਿਕ ਮੈਡੀਕਲ ਪੱਤਰੀ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ; ਇਸ ਵਿੱਚ ਕਈ ਸਾਲ ਲੱਗ ਸਕਦੇ ਹਨ। ਇਸ ਅਧਿਐਨ ਵੱਲੋਂ ਸਾਰੇ ਪ੍ਰਕਾਸ਼ਨ ਔਕਸਫੋਰਡ ਵੈਕਸੀਨ ਗਰੁੱਪ (OVG) ਦੀ ਵੈੱਬਸਾਈਟ

www.ovg.ox.ac.uk ਵਿੱਚ ਦਿਖਣਗੇ ਅਤੇ ਤੁਸੀਂ ਅਧਿਐਨ ਤੋਂ ਹਾਸਿਲ ਮੁੱਖ ਨਤੀਜਿਆਂ ਨੂੰ ਸ਼ਾਮਲ ਦਾ ਵਰਣਨ ਕਰਨ ਵਾਲਾ ਪੱਤਰ ਪ੍ਰਾਪਤ ਕਰੋਗੇ। ਕਿਸੇ ਵੀ ਰਿਪੋਰਟ ਜਾਂ ਪ੍ਰਕਾਸ਼ਨ ਵਿੱਚ ਤੁਹਾਡੇ ਬੱਚੇ ਦੀ ਪਛਾਣ ਨਹੀਂ ਦੱਸੀ ਜਾਵੇਗੀ ਅਤੇ ਅਸੀਂ ਵਿਅਕਤੀਗਤ ਨਤੀਜੇ ਮੁਹੱਈਆ ਨਹੀਂ ਕਰਾਂਗੇ। ਜੇਕਰ ਤੁਹਾਡੀ ਸਾਡੇ ਵੱਲੋਂ ਭਵਿੱਖ ਵਿੱਚ ਚਲਾਉਣ ਵਾਲੇ ਕਿਸੇ ਦੂਸਰੇ ਖੋਜ ਅਧਿਐਨਾਂ ਬਾਰੇ ਜਾਣਨ ਵਿੱਚ ਦਿਲਚਸਪੀ ਹੈ ਤਾਂ ਤੁਸੀਂ ਸਾਡੀ ਸੰਪਰਕ ਸੂਚੀ ਵਿੱਚ ਸਾਈਨ ਅਪ ਕਰ ਸਕਦੇ ਹੋ। ਭਵਿੱਖ ਦੀ ਕਿਸੇ ਖੋਜ ਵਿੱਚ ਭਾਗ ਲੈਣ ਦੀ ਤੁਹਾਡੀ ਮਜਬੂਰੀ ਨਹੀਂ ਹੈ।

## ਜੇ ਮੈਨੂੰ ਇਸ ਅਧਿਐਨ ਵਿੱਚ ਹਿੱਸਾ ਲੈਣ ਦੀ ਦਿਲਚਸਪੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਤੁਰੰਤ ਫੈਸਲਾ ਲੈਣ ਦੀ ਜ਼ਰੂਰਤ ਨਹੀਂ। ਜੇ ਤੁਸੀਂ ਆਪਣੇ ਬੱਚੇ ਨਾਲ ਇਸ ਅਧਿਐਨ ਵਿੱਚ ਭਾਗ ਲੈਣ ਦਾ ਫੈਸਲਾ ਕਰਦੇ ਹੋ, ਤਾਂ ਅਗਲਾ ਕਦਮ ਹੋਵੇਗਾ www.whatsthestory.org.uk 'ਤੇ ਜਾਣਾ ਅਤੇ ਆਨਲਾਈਨ ਯੋਗਤਾ ਅਤੇ ਬੁਕਿੰਗ ਪ੍ਰਕਿਰਿਆ ਪੂਰੀ ਕਰਨਾ। ਵੈਕਲਪਿਕ ਤੌਰ 'ਤੇ, ਤੁਸੀਂ ਖੋਜ ਟੀਮ ਨਾਲ ਸੰਪਰਕ ਕਰ ਸਕਦੇ ਹੋ, ਜਿੰਨ੍ਹਾਂ ਨੂੰ ਅਧਿਐਨ ਬਾਰੇ ਤੁਹਾਡੇ ਨਾਲ ਗੱਲਬਾਤ ਕਰਕੇ, ਤੁਹਾਡੇ ਸਵਾਲਾਂ ਦੇ ਜਵਾਬ ਦੇ ਕੇ ਅਤੇ ਤੁਹਾਡੀ ਜਾਂਚ ਕਰਕੇ ਖੁਸ਼ੀ ਹੋਵੇਗੀ ਅਤੇ ਤੁਹਾਡੇ ਨਾਲ ਅਧਿਐਨ ਨੂੰ ਫੋਨ ਰਾਹੀਂ ਜਾਂ ਈਮੇਲ ਦੇ ਰਾਹੀਂ ਬੁੱਕ ਕਰ ਸਕਦੇ ਹਨ।

ਭਰਤੀ ਪੜਾਵਾਂ ਵਿੱਚ ਹੋਏਗੀ, ਇਸਦਾ ਕਾਰਨ ਇਹ ਹੈ ਕਿ ਸਾਡਾ ਟੀਚਾ ਤੁਹਾਡੇ ਖੇਤਰ ਵਿੱਚ ਭਾਗੀਦਾਰਾਂ ਦਾ ਨਮੂਨਾ ਭਰਤੀ ਕਰਨਾ ਹੈ ਜੋ ਪੂਰੀ ਆਬਾਦੀ ਦੇ ਗੁਣ ਪੇਸ਼ ਕਰਦਾ ਹੈ। ਅਸੀਂ ਅਗਲੇ ਕੁਝ ਮਹੀਨਿਆਂ ਵਿੱਚ ਇੱਕ ਸਥਿਰ ਰਫ਼ਤਾਰ ’ਤੇ ਵੀ ਭਰਤੀ ਕਰਨਾ ਚਾਹੁੰਦੇ ਹਾਂ ਜੋ ਸਮੁਦਾਏ ਵਿੱਚ SARS-COV-2 ਦੀ ਪ੍ਰਗਤੀ ਨੂੰ ਮੈਪ ਕਰਨ ਲਈ ਸਾਨੂੰ ਸਮਰੱਥ ਬਣਾਏਗਾ। ਇਸ ਲਈ ਅਸੀਂ ਪ੍ਰਕਿਰਿਆ ਦੇ ਨਾਲ-ਨਾਲ ਆਪਣੀ ਜਾਣਕਾਰੀ ਦੀ ਜਾਂਚ ਕਰਾਂਗੇ ਤਾਂ ਜੋ ਇਹ ਵੇਖ ਸਕੀਏ ਕਿ ਅਸੀਂ ਆਪਣਾ ਉਦੇਸ਼ ਪ੍ਰਾਪਤ ਕਰ ਰਹੇ ਹਾਂ ਜਾਂ ਨਹੀਂ। ਇਸ ਕਾਰਨ ਸਾਡੇ ਵੱਲੋਂ ਤੁਹਾਡੇ ਨਾਲ ਸੰਪਰਕ ਕੀਤੇ ਜਾਣ ਵਿੱਚ ਦੇਰੀ ਹੋ ਸਕਦੀ ਹੈ। ਤੁਹਾਡੇ ਨਾਲ ਭਰਤੀ ਦੇ ਬਾਅਦ ਦੇ ਪੜਾਅ 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਸੰਭਾਵਤ ਤੌਰ 'ਤੇ ਅਸੀਂ ਤੁਹਾਨੂੰ ਇਹ ਦੱਸਣ ਲਈ ਸੰਪਰਕ ਕਰ ਸਕਦੇ ਹਾਂ ਕਿ ਤੁਹਾਡੇ ਖੇਤਰ ਵਿਚ ਭਰਤੀ ਪੂਰੀ ਹੋ ਗਈ ਹੈ। ਚਾਇਲਡ ਹੈਲਥ ਇਨਫਰਮੇਸ਼ਨ ਸਰਵਿਸਿਜ਼/ ਨੈਸ਼ਨਲ ਹੈਲਥ ਐਪਲੀਕੇਸ਼ਨਜ਼ ਐਂਡ ਇਨਫ੍ਰਾਸਟ੍ਰਕਚਰ ਸਰਵਿਸਿਜ਼ (NHAIS)/ਜਾਂ ਬਰਾਬਰੀ ਦੇ NHS ਡਾਟਾਬੇਸ ਵੱਲੋਂ ਤੁਹਾਨੂੰ ਉਪਰੋਕਤ ਅਨੁਸਾਰ ਇੱਕ ਪੋਸਟਕਾਰਡ ਰਿਮਾਈਂਡਰ ਭੇਜਿਆ ਜਾ ਸਕਦਾ ਹੈ। ਜੇ ਇਸ ਤੋਂ ਬਾਅਦ ਤੁਸੀਂ ਸਾਡੇ ਨਾਲ ਸੰਪਰਕ ਨਹੀਂ ਕਰਦੇ, ਤਾਂ ਅਸੀਂ ਇਹ ਮੰਨ ਲਵਾਂਗੇ ਕਿ ਤੁਸੀਂ ਹਿੱਸਾ ਨਹੀਂ ਲੈਣਾ ਚਾਹੁੰਦੇ।

ਇਸ ਅਧਿਐਨ ਵਿਚ ਹਿੱਸਾ ਲੈਣ ਲਈ ਵਿਚਾਰ ਕਰਨ ਲਈ ਤੁਹਾਡਾ ਧੰਨਵਾਦ।

## GDPR (ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ) ਕਥਨ

ਆਕਸਫੋਰਡ ਯੂਨੀਵਰਸਿਟੀ ਯੂਨਾਈਟਿਡ ਕਿੰਗਡਮ ਵਿੱਚ ਅਧਾਰਤ ਇਸ ਅਧਿਐਨ ਦੀ ਪ੍ਰਾਯੋਜਕ ਹੈ। ਅਸੀਂ ਇਸ ਅਧਿਐਨ ਨੂੰ ਕਰਨ ਲਈ ਤੁਹਾਡੇ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਾਂਗੇ ਅਤੇ ਇਸ ਅਧਿਐਨ ਲਈ ਡਾਟਾ ਕੰਟਰੋਲਰ ਵਜੋਂ ਕੰਮ ਕਰਾਂਗੇ। ਇਸ ਦਾ ਮਤਲਬ ਹੈ ਕਿ ਅਸੀਂ ਤੁਹਾਡੀ ਜਾਣਕਾਰੀ ਦੀ ਦੇਖਭਾਲ ਕਰਨ ਅਤੇ ਇਸ ਦੀ ਸਹੀ ਵਰਤੋਂ ਲਈ ਜ਼ਿੰਮੇਵਾਰ ਹਾਂ

ਅਸੀਂ ਖੋਜ ਅਧਿਐਨ ਬਾਰੇ ਤੁਹਾਨੂੰ ਸੰਪਰਕ ਕਰਨ ਲਈ ਤੁਹਾਡੇ ਨਾਮ ਅਤੇ ਸੰਪਰਕ ਜਾਣਕਾਰੀ ਦੀ ਵਰਤੋਂ ਕਰਾਂਗੇ, ਅਤੇ ਇਹ ਯਕੀਨੀ ਬਣਾਵਾਂਗੇ ਕਿ ਅਧਿਐਨ ਬਾਰੇ ਸੰਬੰਧਤ ਜਾਣਕਾਰੀ ਤੁਹਾਡੀ ਦੇਖਭਾਲ ਲਈ, ਅਤੇ ਅਧਿਐਨ ਦੀ ਗੁਣਵੱਤਾ ਦਾ ਖਿਆਲ ਕਰਨ ਲਈ ਰਿਕਾਰਡ ਕੀਤੀ ਜਾ ਰਹੀ ਹੈ। “ਕਹਾਣੀ ਕੀ ਹੈ?" ਦੀ ਟੀਮ ਦੇ ਉਹਨਾਂ ਲੋਕਾਂ ਨੂੰ ਹੀ ਤੁਹਾਡੀ ਪਛਾਣ

ਕਰਾਉਣ ਵਾਲੀ ਜਾਣਕਾਰੀ ਤੱਕ ਪਹੁੰਚ ਹੋਵੇਗੀ ਜਿਹੜੇ ਲੋਕਾਂ ਨੂੰ ਤੁਹਾਡੇ ਨਾਲ ਅਧਿਐਨ ਕਰਨ ਬਾਰੇ ਜਾਂ ਜਾਣਕਾਰੀ ਇਕੱਠਾ ਕਰਨ ਦੀ ਪ੍ਰਿਕਿਰਿਆ ਦੀ ਲੇਖਾਪੜਤਾਲ ਕਰਨ ਦੀ ਲੋੜ ਹੋਵੇਗੀ। ਜਾਣਕਾਰੀ (ਪਬਲਿਕ ਹੈਲਥ ਇੰਗਲੈਂਡ ਅਤੇ ਆਕਸਫੋਰਡ ਵੈਕਸੀਨ ਗਰੁੱਪ) ਦਾ ਵਿਸ਼ਲੇਸ਼ਣ ਕਰਨ ਵਾਲੇ ਲੋਕਾਂ ਨੂੰ ਉੱਪਰ ਦਿੱਤੀ ('ਇਸ ਅਧਿਐਨ ਵਿੱਚ ਕੀ ਹੁੰਦਾ ਹੈ' ਭਾਗ ਵਿੱਚ) ਜਾਣਕਾਰੀ ਤੱਕ ਪਹੁੰਚ ਪ੍ਰਾਪਤ ਹੋਵੇਗੀ ਪਰ ਉਹ ਤੁਹਾਡਾ ਨਾਮ ਜਾਂ ਸੰਪਰਕ ਵੇਰਵੇ ਪ੍ਰਾਪਤ ਨਹੀਂ ਕਰਨਗੇ।

ਤੁਹਾਡੀ ਸਥਾਨਕ ਸਾਈਟ ਤੁਹਾਡੇ ਬੱਚੇ ਦੇ ਬਾਰੇ ਇਸ ਅਧਿਐਨ ਤੋਂ ਪ੍ਰਾਪਤ ਪਛਾਣਯੋਗ ਜਾਣਕਾਰੀ ਨੂੰ ਸਭ ਤੋਂ ਛੋਟੇ ਅਧਿਐਨ ਭਾਗੀਦਾਰ ਦੀ ਉਮਰ 18 ਸਾਲ ਹੋ ਜਾਣ ਦੇ ਬਾਅਦ ਘੱਟੋ-ਘੱਟ 3 ਸਾਲਾਂ ਲਈ ਸੁਰੱਖਿਅਤ ਰੱਖੇਗੀ। ਅਸੀਂ ਅਗਿਆਤ ਖੋਜ ਡੇਟਾ ਨੂੰ ਅਣਮਿੱਥੇ ਸਮੇਂ ਲਈ ਸਟੋਰ ਕਰਾਂਗੇ।

ਜਾਣਕਾਰੀ ਤੱਕ ਪਹੁੰਚ ਬਣਾਉਣ, ਉਸਨੂੰ ਬਦਲਣ ਜਾਂ ਉਸਦੀ ਜਗ੍ਹਾਂ ਨੂੰ ਬਦਲਣ ਦੇ ਤੁਹਾਡੇ ਹੱਕ ਸੀਮਤ ਹਨ, ਕਿਉਂਕਿ ਖੋਜ ਨੂੰ ਵਿਸ਼ਵਾਸਯੋਗ ਅਤੇ ਸਟੀਕ ਬਣਾਉਣ ਲਈ ਸਾਨੂੰ ਤੁਹਾਡੀ ਜਾਣਕਾਰੀ ਨੂੰ ਵਿਸ਼ੇਸ਼ ਢੰਗਾਂ ਨਾਲ ਪ੍ਰਬੰਧਿਤ ਕਰਨ ਦੀ ਲੋੜ ਹੁੰਦੀ ਹੈ। ਜੇਕਰ ਤੁਸੀਂ ਇਸ ਅਧਿਐਨ ਤੋਂ ਬਾਹਰ ਨਿੱਕਲਦੇ ਹੋ, ਤਾਂ ਅਸੀਂ ਤੁਹਾਡੇ ਬਾਰੇ ਪਹਿਲਾਂ ਤੋਂ ਪ੍ਰਾਪਤ ਕੀਤੀ ਜਾ ਚੁੱਕੀ ਜਾਣਕਾਰੀ ਨੂੰ ਆਪਣੇ ਕੋਲ ਰੱਖਾਂਗੇ। ਤੁਹਾਡੇ ਹੱਕਾਂ ਦੀ ਰੱਖਿਆ ਕਰਨ ਲਈ, ਅਸੀਂ ਜਿੰਨੀ ਹੋ ਸਕੇ ਨਿੱਜੀ ਤੌਰ 'ਤੇ-ਪਛਾਣ ਕੀਤੀ ਜਾ ਸਕਣ ਵਾਲੀ ਘੱਟੋ-ਘੱਟ ਜਾਣਕਾਰੀ ਦੀ ਵਰਤੋਂ ਕਰਾਂਗੇ।

ਇੱਕ ਵਾਰ ਅਧਿਐਨ ਪੂਰਾ ਹੋ ਜਾਣ 'ਤੇ, ਸਾਰੇ ਦਸਤਾਵੇਜ਼ਾਂ ਨੂੰ ਤੁਹਾਡੀ ਸਥਾਨਕ ਸਾਈਟ ਵੱਲੋਂ ਇੱਕ ਸੁਰੱਖਿਅਤ ਜਗ੍ਹਾਂ 'ਤੇ ਸੰਭਾਲ ਦਿੱਤਾ ਜਾਵੇਗਾ। ਜੇਕਰ ਉਹਨਾਂ ਨੂੰ ਸੰਭਾਲਣ ਦੀ ਲੋੜ ਨਾ ਹੋਈ ਤਾਂ ਉਹਨਾਂ ਗੁਪਤ ਢੰਗ ਨਾਲ ਨਸ਼ਟ ਕਰ ਦਿੱਤਾ ਜਾਵੇਗਾ।

ਡੇਟਾ ਦੀ ਨਿਗਰਾਨੀ ਦੀ ਜ਼ਿੰਮੇਦਾਰੀ ਤੁਹਾਡੇ ਸਥਾਨਕ ਮੁੱਖ ਜਾਂਚਕਰਤਾ, ਜਾਂ ਉਹਨਾਂ ਦੇ ਉੱਤਰਅਧਿਕਾਰੀ ਦੀ ਹੋਵੇਗੀ। ਤੁਹਾਡੇ ਨਿੱਜੀ ਡੇਟਾ ਦੇ ਸੰਬੰਧ ਵਿੱਚ ਤੁਹਾਡੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ:

http://www.admin.ox.ac.uk/councilsec/compliance/gdpr/individualrights/

## ਸ਼ਿਕਾਇਤ ਕਰਨ ਲਈ ਮੈਨੂੰ ਕਿੱਥੇ ਜਾਣਾ ਚਾਹੀਦਾ ਹੈ?

ਜੇ ਤੁਸੀਂ ਇਸ ਅਧਿਐਨ ਦੇ ਦੌਰਾਨ ਤੁਹਾਡੇ ਨਾਲ ਸੰਪਰਕ ਕੀਤੇ ਜਾਂ ਇਲਾਜ ਕੀਤੇ ਗਏ ਕਿਸੇ ਵੀ ਪਹਿਲੂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤੁਹਾਨੂੰ ਇਸ ਤੇ ਸੰਪਰਕ ਕਰਨਾ ਚਾਹੀਦਾ ਹੈ:

ਔਕਸਫੋਰਡ ਵੈਕਸੀਨ ਗਰੁੱਪ ਨੂੰ 01865 611400 'ਤੇ ਜਾਂ info@ovg.ox.ac.uk ਈਮੇਲ 'ਤੇ। ਤੁਸੀਂ ਆਕਸਫੋਰਡ ਯੂਨੀਵਰਸਿਟੀ ਦੇ ਕਲੀਨਿਕਲ ਪਰੀਖਣ ਅਤੇ ਖੋਜ ਪ੍ਰਸ਼ਾਸਨ (CTRG) ਦੇ ਦਫ਼ਤਰ ਨਾਲ 01865 616480 'ਤੇ ਵੀ ਸੰਪਰਕ ਕਰ ਸਕਦੇ ਹੋ ਜਾਂ CTRG ਨੂੰ ctrg@admin.ox.ac.uk 'ਤੇ ਈਮੇਲ ਕਰ ਸਕਦੇ ਹੋ। ਜੇ ਤੁਸੀਂ ਭਵਿੱਖ ਵਿੱਚ ਇਸ ਕਿਸਮ ਦੇ ਸੱਦੇ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਬੱਚੇ ਨੂੰ http://trials.ovg.ox.ac.uk/trials/opt-out 'ਤੇ ਆਕਸਫੋਰਡ ਵੈਕਸੀਨ ਗਰੁੱਪ ਦੀ ਆਪਟ-ਆਉਟ ਸੂਚੀ 'ਤੇ ਰਜਿਸਟਰ ਕਰੋ।

ਜਾਂ

ਜੇ ਤੁਸੀਂ ਨਹੀਂ ਚਾਹੁੰਦੇ ਕਿ ਸਿਹਤ ਨਾਲ ਸੰਬੰਧਿਤ ਕਿਸੇ ਵੀ ਖੋਜ ਦਾ ਸਮਰਥਨ ਕਰਨ ਦੇ ਉਦੇਸ਼ਾਂ ਲਈ NHS ਤੁਹਾਡੇ ਬੱਚੇ ਦੇ ਸਿਹਤ ਰਿਕਾਰਡਾਂ ਦੀ ਵਰਤੋਂ ਨਾ ਕਰੇ, ਤਾਂ ਕਿਰਪਾ ਕਰਕੇ ਆਪਣੀ ਚੋਣ ਕਰਨ ਲਈ https://www.nhs.uk/your-nhs-data-matters/manage-your-choice 'ਤੇ ਜਾਓ।

ਆਕਸਫੋਰਡ ਯੂਨੀਵਰਸਿਟੀ, ਬਤੌਰ ਸਪਾਂਸਰ, ਅਜਿਹੀ ਸੰਭਾਵਨਾ ਦੀ ਸਥਿਤੀ ਲਈ ਉਚਿਤ ਬੀਮਾ ਕਰਵਾਉਂਦੀ ਹੈ ਜਿਸ ਵਿੱਚ ਤੁਹਾਡੇ ਬੱਚੇ ਨੂੰ ਇਸ ਅਧਿਐਨ ਵਿੱਚ ਹਿੱਸਾ ਲੈਣ ਦੇ ਸਿੱਧੇ ਸਿੱਟੇ ਵਜੋਂ ਕੋਈ ਨੁਕਸਾਨ ਹੋਇਆ ਹੋਵੇ। ਇਸੇ ਤਰ੍ਹਾਂ, ਜਿਹੜੀਆਂ ਜਗ੍ਹਾਵਾਂ 'ਤੇ ਅਧਿਐਨ ਕਰਵਾਇਆ ਜਾਵੇਗਾ ਉਹਨਾਂ ਦਾ ਵੀ ਉਚਿਤ ਬੀਮਾ ਹੋਵੇਗਾ; ਲੋੜ ਪੈਣ 'ਤੇ ਵਧੇਰੀ ਜਾਣਕਾਰੀ ਦਿੱਤੀ ਜਾ ਸਕਦੀ ਹੈ।

## ਮੈਨੂੰ ਹੋਰ ਕੀ ਜਾਣਕਾਰੀ ਹੋਣੀ ਚਾਹੀਦੀ ਹੈ?

NHS ਵਿਚਲੀਆਂ ਸਾਰੀਆਂ ਖੋਜਾਂ ਨੂੰ ਹਿੱਸਾ ਲੈਣ ਵਾਲੇ ਦੇ ਹਿੱਤਾਂ ਦੀ ਰਾਖੀ ਲਈ ਲੋਕਾਂ ਦੇ ਇੱਕ ਸੁਤੰਤਰ ਸਮੂਹ ਦੁਆਰਾ ਵੇਖਿਆ ਜਾਂਦਾ ਹੈ, ਜਿਸ ਨੂੰ ਰਿਸਰਚ ਐਥਿਕਸ ਕਮੇਟੀ ਕਿਹਾ ਜਾਂਦਾ ਹੈ। ਇਸ ਅਧਿਐਨ ਦੀ ਸਮੀਖਿਆ ਕੀਤੀ ਗਈ ਹੈ ਅਤੇ ਇਸਨੂੰ ਲੰਦਨ - ਸਰੀ ਰਿਸਰਚ ਐਥਿਕਸ ਕਮੇਟੀ ਵੱਲੋਂ ਹਿਤਕਾਰੀ ਸਮਰਥਨ ਦਿੱਤਾ ਗਿਆ ਹੈ।

ਤੁਹਾਡੀ ਸੁਹਿਰਦ,

ਕਹਾਣੀ ਕੀ ਹੈ? ਅਧਿਐਨ ਟੀਮ